# ਵਡੇਰੀ ਉਮਰ ਦੇ ਬਾਲਗਾਂ ਨਾਲ ਦੁਰਵਿਵਹਾਰ ਅਤੇ ਅਣਗਹਿਲੀ: ਵੱਖ-ਵੱਖ ਅਨੁਭਵਾਂ ਨੂੰ ਸਮਝਣਾ

# Abuse and neglect of older adults: Understanding different experiences

ਵਡੇਰੀ ਉਮਰ ਵਿੱਚ ਦੁਰਵਿਵਹਾਰ ਅਤੇ ਅਣਗਹਿਲੀ ਇੱਕ ਵਿਅਕਤੀ ਦੀ ਸਿਹਤ, ਖੁਸ਼ੀ, ਤੰਦਰੁਸਤੀ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਕਰ ਸਕਦੀ ਹੈ। ਦੁਰਵਿਵਹਾਰ ਅਤੇ ਅਣਗਹਿਲੀ ਦੀਆਂ ਸਭ ਤੋਂ ਆਮ ਕਿਸਮਾਂ ਸਰੀਰਕ, ਭਾਵਨਾਤਮਕ, ਵਿੱਤੀ, ਜਿਨਸੀ, ਅਧਿਆਤਮਿਕ ਜਾਂ ਪ੍ਰਣਾਲੀਗਤ ਹਨ। ਇਹ ਘਰ ਵਿੱਚ, ਭਾਈਚਾਰੇ ਵਿੱਚ ਜਾਂ ਸੰਸਥਾਗਤ ਸੈਟਿੰਗਾਂ ਵਿੱਚ ਵਾਪਰ ਸਕਦੇ ਹਨ।

ਵਡੇਰੀ ਉਮਰ ਦੇ ਬਾਲਗਾਂ ਨਾਲ ਦੁਰਵਿਵਹਾਰ ਜਾਂ ਅਣਗਹਿਲੀ ਪਰਿਵਾਰਕ ਮੈਂਬਰਾਂ, ਦੇਖਭਾਲ ਕਰਨ ਵਾਲਿਆਂ, ਵਾਕਫ਼ਾਂ ਜਾਂ ਅਜਨਬੀਆਂ ਵੱਲੋਂ ਕੀਤੀ ਜਾ ਸਕਦੀ ਹੈ। ਅਕਸਰ, ਇਹ ਵਡੇਰੀ ਉਮਰ ਦੇ ਬਾਲਗ ਦੇ ਜੀਵਨ ਸਾਥੀ, ਪਾਰਟਨਰ ਜਾਂ ਬਾਲਗ ਬੱਚਿਆਂ ਦੁਆਰਾ ਕੀਤੀ ਜਾਂਦੀ ਹੈ। ਵਡੇਰੀ ਉਮਰ ਦੇ ਬਾਲਗਾਂ ਨੂੰ ਅਜਨਬੀਆਂ ਤੋਂ ਨੁਕਸਾਨ ਪਹੁੰਚਣ ਦੀ ਸੰਭਾਵਨਾ ਘੱਟ ਹੁੰਦੀ ਹੈ ਸਿਵਾਏ ਵਿੱਤੀ ਦੁਰਵਿਵਹਾਰ ਜਾਂ ਧੋਖਾਧੜੀ ਦੇ।

ਦੁਰਵਿਵਹਾਰ ਦੀਆਂ ਹੋਰ ਕਿਸਮਾਂ ਵਿੱਚ ਉਮਰ ਦੇ ਆਧਾਰ 'ਤੇ ਭੇਦਭਾਵ, ਦਵਾਈ ਸੰਬੰਧੀ ਦੁਰਵਿਵਹਾਰ, ਪੇਸ਼ੇਵਰ ਲੋਕਾਂ ਦੁਆਰਾ ਦੁਰਵਿਵਹਾਰ ਅਤੇ ਇੱਕ ਨਿਵਾਸੀ ਦੁਆਰਾ ਦੂਜੇ ਨਿਵਾਸੀ ਨਾਲ (resident-to-resident) ਦੁਰਵਿਵਹਾਰ ਸ਼ਾਮਲ ਹਨ। ਇਹ ਰਸਮੀ ਲੌਂਗ-ਟਰਮ ਕੇਅਰ ਸੈਟਿੰਗਾਂ, ਜਿਵੇਂ ਕਿ ਨਰਸਿੰਗ ਹੋਮਾਂ ਜਾਂ ਹਸਪਤਾਲਾਂ, ਵਿੱਚ ਵਾਪਰ ਸਕਦੀਆਂ ਹਨ।

ਵਡੇਰੀ ਉਮਰ ਦੇ ਬਾਲਗ ਜੋ ਸਮਾਜਿਕ ਤੌਰ 'ਤੇ ਅਲੱਗ-ਥਲੱਗ ਹਨ, ਬੋਧਾਤਮਕ ਤੌਰ 'ਤੇ ਕਮਜ਼ੋਰ ਹਨ, ਸਰੀਰਕ ਤੌਰ 'ਤੇ ਕਮਜ਼ੋਰ ਹਨ, ਸੰਸਥਾਗਤ ਸੈਟਿੰਗਾਂ ਵਿੱਚ ਰਹਿ ਰਹੇ ਹਨ ਜਾਂ ਦੇਖਭਾਲ ਲਈ ਦੂਜਿਆਂ 'ਤੇ ਨਿਰਭਰ ਹਨ, ਉਨ੍ਹਾਂ ਨੂੰ ਦੁਰਵਿਵਹਾਰ ਦਾ ਸਾਹਮਣਾ ਕਰਨ ਦਾ ਵੱਧ ਖ਼ਤਰਾ ਹੁੰਦਾ ਹੈ।

## ਸਭ ਤੋਂ ਵੱਧ ਰਿਪੋਰਟ ਕੀਤੀ ਜਾਣ ਵਾਲੀ ਦੁਰਵਿਵਹਾਰ ਦੀ ਕਿਸਮ ਕੀ ਹੈ?

ਆਰਥਿਕ ਦੁਰਵਿਵਹਾਰ, ਵਡੇਰੀ ਉਮਰ ਦੇ ਬਾਲਗਾਂ ਦੁਆਰਾ ਸਾਹਮਣਾ ਕੀਤੀ ਜਾਣ ਵਾਲੀ ਦੁਰਵਿਵਹਾਰ ਦੀ ਸਭ ਤੋਂ ਵੱਧ ਰਿਪੋਰਟ ਕੀਤੀ ਗਈ ਕਿਸਮ ਹੈ। ਵਡੇਰੀ ਉਮਰ ਦੇ ਬਾਲਗ ਇਸ ਕਿਸਮ ਦੇ ਦੁਰਵਿਵਹਾਰ ਦਾ ਸ਼ਿਕਾਰ ਹੋਣ ਲਈ ਸੰਵੇਦਨਸ਼ੀਲ ਹੁੰਦੇ ਹਨ ਕਿਉਂਕਿ ਉਹ ਆਰਥਿਕ ਮਾਮਲਿਆਂ ਵਿੱਚ ਮਦਦ ਲਈ ਦੂਜਿਆਂ 'ਤੇ ਨਿਰਭਰ ਹੋ ਸਕਦੇ ਹਨ। ਇਸ ਤੋਂ ਇਲਾਵਾ, ਸੰਭਵ ਹੈ ਕਿ ਵਡੇਰੀ ਉਮਰ ਦੇ ਕੁਝ ਬਾਲਗਾਂ ਕੋਲ ਵਿੱਤ, ਜਾਂ ਔਨਲਾਈਨ ਅਤੇ ATM ਬੈਂਕਿੰਗ ਦਾ ਤਜਰਬਾ ਨਾ ਹੋਵੇ।

## ਵੱਖ-ਵੱਖ ਲਿੰਗ ਦੁਰਵਿਵਹਾਰ ਦਾ ਅਨੁਭਵ ਕਿਵੇਂ ਕਰਦੇ ਹਨ?

ਦੁਰਵਿਵਹਾਰ ਸਾਰੇ ਲਿੰਗਾਂ ਦੇ ਵਡੇਰੀ ਉਮਰ ਦੇ ਬਾਲਗਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਪਰੰਤੂ, ਲਿੰਗ ਦੁਰਵਿਵਹਾਰ ਦੇ ਜੋਖਮਾਂ, ਗੰਭੀਰਤਾ ਅਤੇ ਵੱਖੋ-ਵੱਖਰੇ ਪ੍ਰਭਾਵਾਂ ਨੂੰ ਪ੍ਰਭਾਵਿਤ ਕਰਦਾ ਹੈ:

- ਵਡੇਰੀ ਉਮਰ ਦੇ 2SLGBTQIA+ ਬਾਲਗਾਂ ਨੂੰ ਵਡੇਰੀ ਉਮਰ ਦੇ ਵਿਪਰੀਤ ਲਿੰਗੀ ਬਾਲਗਾਂ ਨਾਲੋਂ ਦੁਰਵਿਵਹਾਰ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ
- ਵਡੇਰੀ ਉਮਰ ਦੇ ਵਿਅਕਤੀ ਜੋ ਔਰਤਾਂ ਵਜੋਂ ਪਛਾਣ ਕਰਦੇ ਹਨ ਜਾਂ ਵਿਵਹਾਰ ਕਰਦੇ ਹਨ। ਇਹ ਸਮੂਹ ਵਡੇਰੀ ਉਮਰ ਦੇ ਮਰਦਾਂ ਨਾਲੋਂ ਪਰਿਵਾਰਕ ਹਿੰਸਾ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ
- ਘੱਟ ਵਿੱਤੀ ਸਰੋਤਾਂ ਵਾਲੇ ਵਡੇਰੀ ਉਮਰ ਦੇ ਬਾਲਗਾਂ ਨੂੰ ਦੁਰਵਿਵਹਾਰ ਵਾਲੇ ਰਿਸ਼ਤੇ ਨੂੰ ਛੱਡਣਾ ਜ਼ਿਆਦਾ ਔਖਾ ਲੱਗ ਸਕਦਾ ਹੈ। ਇਤਿਹਾਸਕ ਤੌਰ 'ਤੇ, ਔਰਤਾਂ ਮਰਦਾਂ ਨਾਲੋਂ ਘੱਟ ਆਮਦਨ ਵਾਲੀਆਂ ਰਹੀਆਂ ਹਨ
- ਵਡੇਰੀ ਉਮਰ ਦੇ ਮਰਦਾਂ ਕੋਲ ਸਹਾਇਤਾ ਅਤੇ ਸੁਰੱਖਿਆ ਪ੍ਰਦਾਨ ਕਰਨ ਲਈ ਨੈੱਟਵਰਕ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਇਹ ਉਹਨਾਂ ਦੇ ਦੁਰਵਿਵਹਾਰ ਜਾਂ ਅਣਗਹਿਲੀ ਦੇ ਜੋਖਮ ਨੂੰ ਵਧਾ ਸਕਦਾ ਹੈ।

## ਜੇਕਰ ਵਡੇਰੀ ਉਮਰ ਦੇ ਬਾਲਗਾਂ ਨਾਲ ਦੁਰਵਿਵਹਾਰ ਜਾਂ ਅਣਗਹਿਲੀ ਕੀਤੀ ਜਾ ਰਹੀ ਹੈ ਤਾਂ ਉਨ੍ਹਾਂ ਨੂੰ ਮਦਦ ਪ੍ਰਾਪਤ ਕਰਨ ਤੋਂ ਕੀ ਰੋਕ ਸਕਦਾ ਹੈ?

ਜੇਕਰ ਉਨ੍ਹਾਂ ਨਾਲ ਦੁਰਵਿਵਹਾਰ ਜਾਂ ਅਣਗਹਿਲੀ ਕੀਤੀ ਜਾ ਰਹੀ ਹੈ ਤਾਂ ਮਦਦ ਪ੍ਰਾਪਤ ਕਰਨ ਵਿੱਚ ਬਹੁਤ ਸਾਰੀਆਂ ਰੁਕਾਵਟਾਂ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਸ਼ਰਮਿੰਦਗੀ, ਦੋਸ਼ ਜਾਂ ਸ਼ਰਮ ਦੀਆਂ ਭਾਵਨਾਵਾਂ ਕਿ ਜਿਸ ਵਿਅਕਤੀ 'ਤੇ ਉਹ ਭਰੋਸਾ ਕਰਦੇ ਹਨ, ਉਹ ਉਨ੍ਹਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਜਾਂ ਉਨ੍ਹਾਂ ਦਾ ਫਾਇਦਾ ਉਠਾ ਰਿਹਾ ਹੈ
- ਇਹ ਮਹਿਸੂਸ ਕਰਨਾ ਕਿ ਉਹਨਾਂ ਨੂੰ ਆਪਣੇ ਜੀਵਨ ਸਾਥੀ, ਪਾਰਟਨਰ ਜਾਂ ਬੱਚਿਆਂ ਦੀ ਮਦਦ ਅਤੇ ਰੱਖਿਆ ਕਰਨੀ ਚਾਹੀਦੀ ਹੈ, ਭਾਵੇਂ ਉਹਨਾਂ ਦਾ ਜੀਵਨ ਸਾਥੀ, ਪਾਰਟਨਰ ਜਾਂ ਬੱਚੇ ਦੁਰਵਿਵਹਾਰ ਕਰਨ ਵਾਲੇ ਹੋਣ
- ਪਰਿਵਾਰਕ ਮੈਂਬਰ ਵਡੇਰੀ ਉਮਰ ਦੇ ਬਾਲਗਾਂ ਨੂੰ ਆਪਣੇ ਬੱਚੇ, ਭੈਣ-ਭਰਾ ਜਾਂ ਦੂਸਰੇ ਮਾਤਾ ਜਾਂ ਪਿਤਾ ਦੀ ਰੱਖਿਆ ਲਈ ਕਾਰਵਾਈ ਕਰਨ ਤੋਂ ਰੋਕਦੇ ਹਨ। ਇਸ ਵਿੱਚ ਉਹ ਲੋਕ ਸ਼ਾਮਲ ਹਨ ਜੋ "ਪੱਖ ਨਹੀਂ ਲੈਣਾ" ਚਾਹੁੰਦੇ
- ਵਡੇਰੀ ਉਮਰ ਦੇ 2SLGBTQIA+ ਬਾਲਗਾਂ ਲਈ, ਜਨਤਕ ਸੰਗਠਨਾਂ ਅਤੇ ਸਿਸਟਮਾਂ ਪ੍ਰਤੀ ਸੰਭਾਵਿਤ ਅਵਿਸ਼ਵਾਸ। ਇਨ੍ਹਾਂ ਸਮੂਹਾਂ ਵਿੱਚ ਸਿਹਤ ਸੰਭਾਲ ਸਿਸਟਮ, ਲੌਂਗ-ਟਰਮ ਕੇਅਰ ਸਟਾਫ, ਅਤੇ ਪੁਲਿਸ ਸ਼ਾਮਲ ਹਨ
- ਉਪਲਬਧ ਸਥਾਨਕ ਸਰੋਤਾਂ ਬਾਰੇ ਗਿਆਨ ਦੀ ਘਾਟ

## ਜੇ ਮੈਂ ਬਜ਼ੁਰਗਾਂ ਨਾਲ ਦੁਰਵਿਵਹਾਰ ਦੇਖਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਤੁਸੀਂ ਕੋਈ ਅਜਿਹਾ ਅਪਰਾਧ ਜਾਂ ਸਥਿਤੀ ਦੇਖਦੇ ਹੋ ਜੋ ਕਿਸੇ ਬਜ਼ੁਰਗ ਨੂੰ ਫੌਰੀ ਜੋਖਮ ਵਿੱਚ ਪਾਉਂਦੀ ਹੈ, ਤਾਂ ਤੁਰੰਤ ਪੁਲਿਸ ਨੂੰ ਜਾਂ **9-1-1** ਨੂੰ ਫੋਨ ਕਰੋ। ਦੱਸੋ ਕਿ ਤੁਸੀਂ ਬਜ਼ੁਰਗਾਂ ਨਾਲ ਦੁਰਵਿਵਹਾਰ, ਅਣਗਹਿਲੀ ਜਾਂ ਸਵੈ-ਅਣਗਹਿਲੀ ਦੀ ਸੰਦਿਗਧ ਸਥਿਤੀ ਦੀ ਰਿਪੋਰਟ ਕਰਨਾ ਚਾਹੁੰਦੇ ਹੋ।

ਸੀਨੀਅਰਜ਼ ਅਬਿਊਜ਼ ਇਨਫੋ ਲਾਈਨ (SAIL) ਨੂੰ ਲੋਅਰ ਮੇਨਲੈਂਡ ਵਿੱਚ 604-437-1940'ਤੇ, ਜਾਂ 1-866-437-1940'ਤੇ ਟੋਲ ਫ੍ਰੀ ਫੋਨ ਕਰੋ।

## ਹੋਰ ਜਾਣਕਾਰੀ ਲਈ

ਬਜ਼ੁਰਗਾਂ ਨਾਲ ਦੁਰਵਿਵਹਾਰ ਅਤੇ ਅਣਗਹਿਲੀ ਬਾਰੇ ਵਧੇਰੇ ਜਾਣਕਾਰੀ ਲਈ, ਜਾਂ ਮਦਦ ਪ੍ਰਾਪਤ ਕਰਨ ਲਈ, ਹੇਠ ਲਿਖੀਆਂ ਸੇਵਾਵਾਂ 'ਤੇ ਫੋਨ ਕਰੋ ਜਾਂ ਜਾਓ:

- https://seniorsfirstbc.ca 'ਤੇ ਸੀਨੀਅਰਜ਼ ਫਸਟ ਬੀ.ਸੀ
- ਬੀਸੀ ਸਰਕਾਰ - ਬਜ਼ੁਰਗਾਂ ਨਾਲ ਦੁਰਵਿਵਹਾਰ ਜਾਂ ਅਣਗਹਿਲੀ ਤੋਂ ਸੁਰੱਖਿਆ
- 604-660-4444 'ਤੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਜਾਂ ਜੇਕਰ ਕਿਸੇ ਬਜ਼ੁਰਗ ਦੇ ਵਿੱਤ ਨੂੰ ਖ਼ਤਰਾ ਹੈ ਤਾਂ www.trustee.bc.ca 'ਤੇ ਜਾਓ
- 604-408-2172 'ਤੇ ਜਾਂ 1-866-577-2525 'ਤੇ ਟੋਲ-ਫ੍ਰੀ ਲੀਗਲ ਏਡ ਬੀ.ਸੀ. ਜਾਂ https://legalaid.bc.ca 'ਤੇ ਜਾਓ
- ਵਿਕਟਿਮ ਲਿੰਕ ਬੀ.ਸੀ. ਵਿੱਚ 1-800-563-0808 'ਤੇ ਟੋਲ-ਫ੍ਰੀ ਜਾਂ ਪਰਿਵਾਰਕ ਅਤੇ ਜਿਨਸੀ ਹਿੰਸਾ ਜਾਂ ਅਪਰਾਧ ਦੇ ਪੀੜਤਾਂ ਲਈ ਜਾਣਕਾਰੀ ਲਈ VictimLinkBC 'ਤੇ ਜਾਓ

ਦੁਰਵਿਵਹਾਰ ਅਤੇ ਵਡੇਰੀ ਉਮਰ ਦੇ ਬਾਲਗਾਂ ਬਾਰੇ ਵਧੇਰੇ ਜਾਣਕਾਰੀ ਲਈ, ਹੇਠਾਂ ਦਿੱਤੀਆਂ ਹੈਲਥਲਿੰਕਬੀਸੀ ਫਾਈਲਾਂ ਦੇਖੋ:

- HealthLinkBC File #93a ਵਡੇਰੀ ਉਮਰ ਦੇ ਬਾਲਗਾਂ ਵਿੱਚ ਦੁਰਵਿਵਹਾਰ ਅਤੇ ਅਣਗਹਿਲੀ ਨੂੰ ਰੋਕਣਾ
- HealthLinkBC File #93b ਵਡੇਰੀ ਉਮਰ ਦੇ ਬਾਲਗਾਂ ਨਾਲ ਦੁਰਵਿਵਹਾਰ ਅਤੇ ਉਨ੍ਹਾਂ ਦੀ ਅਣਗਹਿਲੀ: ਪਰਿਵਾਰਕ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ
- HealthLinkBC File #93d ਵਡੇਰੀ ਉਮਰ ਦੇ ਬਾਲਗਾਂ ਨਾਲ ਆਰਥਿਕ ਦੁਰਵਿਵਹਾਰ